Punjab Government Gazette

Published by Authority

No. 13] CHANDIGARH, FRIDAY, MARCH 27, 2026 (CHAITRA 6, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ-2 ਸ਼ਾਖਾ)

ਅਧਿਸੂਚਨਾ

ਮਿਤੀ 26 ਜੂਨ, 2025

ਨੰ: HFW-HLH2019/20/2024-6H2/1090736.-ਡਾਕਟਰ ਹਰਪ੍ਰੀਤ ਕੌਰ, ਮੈਡੀਕਲ ਅਫਸਰ, ਮੈਰਿਟ ਨੰ: 14/ਜੀ.ਸੀ./2010, ਸਿਵਲ ਹਸਪਤਾਲ, ਰੂਪਨਗਰ ਨੂੰ ਸਰਕਾਰ ਦੇ ਪੱਤਰ ਨੰ: 27/107/18-2ਸਿ2/2291 ਮਿਤੀ 09.09.2020 ਰਾਹੀਂ ਹੇਠ ਦਰਸਾਏ ਦੋਸ਼ਾਂ ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ:-

1. ਸਰਕਾਰੀ ਨੌਕਰੀ ਦੌਰਾਨ ਪ੍ਰਾਈਵੇਟ ਪ੍ਰੈਕਿਟਸ ਕਰਨਾ।
2. ਉੱਚ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਨਾ ਕਰਨਾ।

2. ਉਕਤ ਦੋਸ਼ ਸੂਚੀ ਸਬੰਧੀ ਡਾਕਟਰ ਵੱਲੋਂ ਮਿਤੀ 24.09.2020 ਰਾਹੀਂ ਜਵਾਬ ਪੇਸ਼ ਕੀਤਾ ਗਿਆ। ਪ੍ਰਾਪਤ ਜਵਾਬ ਨੂੰ ਵਿਚਾਰਨ ਉਪਰੰਤ ਸਰਕਾਰ ਦੇ ਪੱਤਰ ਨੰ: 27/107/18-2ਸਿ2/3249-3251 ਮਿਤੀ 19.11.2020 ਰਾਹੀਂ ਦੋਸ਼ ਸੂਚੀ ਵਿੱਚ ਲਗਾਏ ਗਏ ਦੋਸ਼ਾਂ ਦੀ ਸੱਚਾਈ ਜਾਨਣ ਲਈ ਡਾਕਟਰ ਅਰਵਿੰਦਰ ਸਿੰਘ, ਆਈ.ਏ.ਐਸ. (ਰਿਟਾ) ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋਂ ਮਿਤੀ 23.02.2021 ਰਾਹੀਂ ਪੜਤਾਲ ਰਿਪੋਰਟ ਪੇਸ਼ ਕੀਤੀ ਗਈ, ਜਿਸ ਰਾਹੀਂ ਪੜਤਾਲੀਆ ਅਫਸਰ ਵੱਲੋਂ ਡਾਕਟਰ ਵਿਰੁੱਧ ਲਗਾਏ ਉਕਤ ਦੋਵੇਂ ਦੋਸ਼ ਸਿੱਧ ਕਰਾਰ ਦਿੱਤੇ ਗਏ। ਪੜਤਾਲ ਰਿਪੋਰਟ ਸਬੰਧੀ ਕਾਰਵਾਈ ਕਰਦੇ ਹੋਏ ਡਾਕਟਰ ਨੂੰ ਸਰਕਾਰ ਦੇ ਪੱਤਰ ਨੰ: 27/107/18-2ਸਿ2/1842-1843 ਮਿਤੀ 09.03.2021 ਰਾਹੀਂ ਪੜਤਾਲ ਰਿਪੋਰਟ ਦੀ ਕਾਪੀ ਭੇਜਦੇ ਹੋਏ ਪ੍ਰਤੀਕਰਮ ਦੇਣ ਲਈ ਲਿਖਿਆ ਗਿਆ। ਜਿਸ ਸਬੰਧੀ ਡਾਕਟਰ ਵੱਲੋਂ ਪੱਤਰ ਮਿਤੀ 17.03.2021 ਰਾਹੀਂ ਪੜਤਾਲ ਰਿਪੋਰਟ ਸਬੰਧੀ ਪ੍ਰਾਪਤ ਪ੍ਰਤੀਕਰਮ ਨੂੰ ਵਿਚਾਰਦੇ ਹੋਏ ਡਾਕਟਰ ਨੂੰ ਸਰਕਾਰ ਦੇ ਪੱਤਰ ਮਿਤੀ 27/107/18-2ਸਿ2/1901-02 ਮਿਤੀ 24.05.2022 ਰਾਹੀਂ ਮਿਤੀ 27.05.2022 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਡਾਕਟਰ ਵੱਲੋਂ ਨਿਸਚਿਤ ਮਿਤੀ ਨੂੰ ਨਿੱਜੀ ਸੁਣਵਾਈ ਅਟੈਂਡ ਕੀਤੀ ਗਈ। ਨਿੱਜੀ ਸੁਣਵਾਈ ਦੌਰਾਨ ਡਾਕਟਰ ਵੱਲੋਂ ਪੇਸ਼ ਕੀਤੀ ਗਈ ਦਲੀਲਾਂ ਅਤੇ ਮਿਸਲ ਤੇ ਆਏ ਤੱਥਾਂ ਨੂੰ ਵਿਚਾਰਦੇ ਹੋਏ ਡਾਕਟਰ ਨੂੰ ਸਰਕਾਰੀ ਸੇਵਾ ਦੌਰਾਨ ਪ੍ਰਾਈਵੇਟ ਪ੍ਰੈਕਟਿਸ ਕਰਨ ਸਬੰਧੀ ਡਾਕਟਰ ਦੀਆਂ ਸੇਵਾਵਾਂ ਡਿਸਮਿਸ ਕਰਨ ਦਾ ਫੈਸਲਾ ਲਿਆ ਗਿਆ। ਜਿਸ ਸਬੰਧੀ ਸਰਕਾਰ ਦੇ ਪੱਤਰ ਨੰ: HFW-HLH2019/20/2024-6H2/I/977744/2024 ਮਿਤੀ 28.11.2024 ਰਾਹੀਂ ਡਾਕਟਰ ਦੀ ਡਿਸਮਿਸ ਸਬੰਧੀ ਲਏ

ਫੈਸਲੇ ਬਾਰੇ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਪਾਸੋਂ ਰਾਏ ਮੰਗੀ ਗਈ। ਜਿਸ ਸਬੰਧੀ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋਂ ਪੱਤਰ ਨੰ: ਡਿਸ 325/2024/ਅ-7/4358 ਮਿਤੀ 01.01.2025 ਰਾਹੀਂ ਡਾਕਟਰ ਦੀਆਂ ਸੇਵਾਵਾਂ ਡਿਸਮਿਸ ਕਰਨ ਸਬੰਧੀ ਸਰਕਾਰ ਦੇ ਫੈਸਲੇ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਪ੍ਰਵਾਨਗੀ ਦਿੱਤੀ ਗਈ।

3. ਉੱਕਤ ਦਰਸਾਈ ਸਥਿਤੀ ਅਨੁਸਾਰ ਕੇਸ ਦੇ ਹਾਲਾਤਾਂ, ਜਾਂਚ ਅਫਸਰ ਦੀ ਰਿਪੋਰਟ ਅਤੇ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਦੀ ਸਲਾਹ ਅਨੁਸਾਰ ਡਾਕਟਰ ਹਰਪ੍ਰੀਤ ਕੌਰ, ਮੈਡੀਕਲ ਅਫਸਰ, ਮੈਰਿਟ ਨੰ: 14/ਜੀ.ਸੀ./2010 ਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਰੂਲਜ਼ ਦੇ ਨਿਯਮ 5(IX) ਵਿੱਚ ਦਰਸਾਈ ਵੱਡੀਆਂ ਸਜਾਵਾਂ ਵਿੱਚੋਂ ਸਰਕਾਰੀ ਨੌਕਰੀ ਤੋਂ ਡਿਸਮਿਸ ਕਰਨ ਦੀ ਸਜਾ ਦਿੰਦੇ ਹੋਏ ਸਰਕਾਰੀ ਨੌਕਰੀ ਤੋਂ ਮਿਤੀ 14.10.2019 ਤੋਂ ਡਿਸਮਿਸ ਕੀਤਾ ਜਾਂਦਾ ਹੈ, ਜਿਸਦੇ ਫਲਸਰੂਪ ਇਸ ਡਾਕਟਰ ਨੂੰ ਵਾਪਸ ਸਰਕਾਰੀ ਸੇਵਾ ਵਿੱਚ ਆਉਣ ਦਾ ਹੱਕ ਨਹੀਂ ਹੋਵੇਗਾ ਅਤੇ ਜੇਕਰ ਡਾਕਟਰ ਬਾਂਡਿਡ ਜਾਂ ਕੋਈ ਹੋਰ ਰਕਮ ਬਕਾਇਆ ਹੋਵੇ ਤਾਂ ਉਸਨੂੰ ਵਸੂਲ ਕਰਨ ਦਾ ਹੱਕ ਸਰਕਾਰ ਪਾਸ ਰਾਖਵਾਂ ਰਹੇਗਾ।

ਸਹੀ/-

ਕੁਮਾਰ ਰਾਹੁਲ, ਆਈ.ਏ.ਐਸ.

ਚੰਡੀਗੜ੍ਹ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

ਮਿਤੀ 21 ਜੂਨ, 2025 ਸਿਹਤ ਤੇ ਪਰਿਵਾਰ ਭਲਾਈ, ਪੰਜਾਬ।

3671/3-2026/Pb. Govt. Press, S.A.S. Nagar